a2zpapers.com

www.a2zpapers.com

**Exam. Code : 105701**
**Subject Code : 1447**

**B.Sc. (Information Technology) 1st Semester**

**PUNJABI COMPULSORY**

**Paper–VI (i)**

Time Allowed—3 Hours] [Maximum Marks—50

**ਨੋਟ :** ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ। ਹਰ ਭਾਗ ਵਿੱਚੋਂ **ਇੱਕ-ਇੱਕ** ਪ੍ਰਸ਼ਨ ਕਰਨਾ ਜ਼ਰੂਰੀ ਹੈ। ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ—ਪਹਿਲਾ**

1. ਹੇਠ ਲਿਖੇ ਕਾਵਿ ਟੁਕੜਿਆਂ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

(ੳ) ਇਥੇ ਹੁਸਨ ਖੁਦਾਈ ਦਾ ਅਵਤਾਰ ਆਇਆ
ਇਥੇ ਦਿਲ ਚੁਭਵੀਆਂ ਮੂਰਤਾਂ
ਨਿਗਾਹਾਂ ਦੇ ਤੀਰਾਂ ਦੇ ਮੀਂਹ।

(ਅ) ਜੇ ਕਿਸੇ ਨੇ ਹੁਣ ਮੇਰੇ ਮਨ ਦੀ ਤਲਾਸ਼ੀ ਲੈ ਲਈ
ਬਹੁਤ ਰਹਿ ਜਾਵਾਂਗਾ ਕੱਲਾ
ਕਿਸੇ ਦੁਸ਼ਮਣ ਦੇਸ਼ ਦੇ ਜਾਸੂਸ ਵਾਂਗ। 5×2=10

2. 'ਅੰਨਦਾਤਾ' ਕਾਵਿ ਰਚਨਾ ਦਾ ਸਾਰ ਲਿਖੋ। 10



www.a2zpapers.com www.a2zpapers.com
ad free old Question papers gndu, ptu hp board, punjab

a2zpapers.com

www.a2zpapers.com

## ਭਾਗ—ਦੂਜਾ

3. 'ਸ਼ਾਂਤੀ ਨਿਕੇਤਨ' ਨਿਬੰਧ ਦਾ ਸਾਰ ਲਿਖੋ। 10

4. 'ਨਾਭਾ ਮੋਰਚਾ' ਨਿਬੰਧ ਦੀ ਵਾਰਤਕ ਸ਼ੈਲੀ ਤੇ ਨੋਟ ਲਿਖੋ। 10

## ਭਾਗ—ਤੀਜਾ

5. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ ਉੱਤੇ ਭਾਵ-ਪੂਰਤ ਪੈਰ੍ਹਾ ਰਚਨਾ ਕਰੋ :

   (ੳ) ਸਮਾਜਵਾਦ

   (ਅ) ਲੋਕ ਤੰਤਰ। 10

6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :

   ਜਟਿਲ ਪਰਿਵਾਰ ਜਾਂ ਸੰਯੁਕਤ ਪਰਿਵਾਰ ਦਾ ਦਾਇਰਾ ਵਧੇਰੇ ਵਿਸ਼ਾਲ ਹੁੰਦਾ ਹੈ। ਇਸ ਵਿੱਚ ਬਹੁ ਪਤਨੀ ਪਰਿਵਾਰ ਭਾਵ ਇੱਕ ਪਤੀ ਅਤੇ ਦੋ ਜਾਂ ਇਸ ਤੋਂ ਵੱਧ ਪਤਨੀਆਂ ਅਤੇ ਹਰ ਪਤਨੀ ਦੇ ਵਿਆਹੇ, ਅਣਵਿਆਹੇ ਬੱਚੇ ਸ਼ਾਮਲ ਹੁੰਦੇ ਹਨ। ਪਰਿਵਾਰ ਦੀ ਇਹ ਕਿਸਮ ਉਸ ਸਮੇਂ ਹੋਰ ਜਟਿਲ ਹੋ ਜਾਂਦੀ ਹੈ, ਜਦੋਂ ਪਤੀ ਜਾਂ ਪਤਨੀ ਦੂਜਾ ਵਿਆਹ ਕਰਾ ਲੈਂਦੇ ਹਨ, ਜਿਸ ਤੋਂ ਮਤੇਰ ਸੰਬੰਧ ਬਣਦੇ ਹਨ। ਸੰਯੁਕਤ ਪਰਿਵਾਰ ਵਿੱਚ ਦੋ ਜਾਂ ਦੋ ਤੋਂ ਵੱਧ ਮੂਲ ਪਰਿਵਾਰ ਹੁੰਦੇ ਹਨ। ਸੰਯੁਕਤ ਪਰਿਵਾਰ ਵਿੱਚ ਬੱਚੇ ਦੀ ਮਾਂ ਤੇ ਪਿਉ ਉਸ ਦੇ ਵਿਆਹੇ ਅਣਵਿਆਹੇ ਭੈਣ-ਭਰਾ, ਚਾਚੇ, ਤਾਏ ਅਤੇ ਉਹਨਾਂ ਦੇ ਵਿਆਹੇ ਅਣਵਿਆਹੇ ਬੱਚੇ ਅਤੇ ਦਾਦਾ-ਦਾਦੀ ਇੱਕੋ



www.a2zpapers.com www.a2zpapers.com
ad free old Question papers gndu, ptu hp board, punjab

a2zpapers.com

www.a2zpapers.com

ਛੱਤ ਥੱਲੇ ਰਹਿੰਦੇ ਹਨ। ਆਮਦਨ, ਖਰਚ ਤੇ ਭੋਜਨ ਪਾਣੀ ਸਾਂਝਾ ਹੁੰਦਾ ਹੈ। ਪੁਰਾਤਨ ਪੰਜਾਬ ਵਿੱਚ ਪਰਿਵਾਰ ਦੀ ਇਹ ਪ੍ਰਥਾ ਪ੍ਰਧਾਨ ਰਹੀ ਹੈ।

(ੳ) ਸੰਯੁਕਤ ਪਰਿਵਾਰ ਦਾ ਖੇਤਰ ਕਿਹੋ ਜਿਹਾ ਹੁੰਦਾ ਹੈ ?

(ਅ) ਸੰਯੁਕਤ ਪਰਿਵਾਰ ਵਿੱਚ ਜਟਿਲਤਾ ਕਿਵੇਂ ਪੈਦਾ ਹੁੰਦੀ ਹੈ ?

(ੲ) ਸੰਯੁਕਤ ਪਰਿਵਾਰ ਕਿਵੇਂ ਬਣਦਾ ਹੈ ?

(ਸ) ਪੁਰਾਤਨ ਪੰਜਾਬ ਵਿੱਚ ਪਰਿਵਾਰ ਦੀ ਕਿਹੜੀ ਵੰਨਗੀ ਪ੍ਰਧਾਨ ਰਹੀ ਹੈ ?

(ਹ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦੱਸੋ। 5×2=10

## ਭਾਗ—ਚੌਥਾ

7. ਪੰਜਾਬੀ ਦੀਆਂ 'ਵਿਅੰਜਨ ਧੁਨੀਆਂ' ਨਾਲ ਜਾਣ-ਪਛਾਣ ਕਰਾਓ। 10

8. ਭਾਸ਼ਾ ਅਤੇ ਉਪਭਾਸ਼ਾ ਦਾ ਅੰਤਰ ਦੱਸੋ। 10



www.a2zpapers.com www.a2zpapers.com
oad free old Question papers gndu, ptu hp board, punjab